13/10/96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

ਕਲਾ ਦੇ ਖੇਤਰ ਵਿਚ ਵਚਨਬਧਤਾ : ਕਲਾ ਦੇ ਖੇਤਰ ਵਿਚ ਸਾਰਥਕ ਨਤੀਜੇ ਲੈਣ ਲਈ ਵਚਨਬਧਤਾ ਇਕ ਅਹਿਮ ਸ਼ਰਤ ਹੈ। ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਇਸ ਦੀ ਇਕ ਮਿਸਾਲ ਹੈ। ਪਲਸ ਮੰਚ ਪੰਜਾਬ ਦੀ ਉਹ ਸਭਿਆਚਾਰਕ ਸੰਸਥਾ ਹੈ ਜੋ ਰਾਸ਼ਟਰੀ ਤੇ ਅੰਤਰਰਾਸ਼ਟਰੀ ਇਨਕਲਾਬੀ ਹਲਕਿਆਂ ਵਿਚ ਆਪਣੀ ਪਹਿਚਾਣ ਰਖਦੀ ਹੈ। 15 ਸਾਲ ਪਹਿਲਾਂ ਨਸਰਾਲੀ ਦੇ ਇਕ ਸਮਾਗਮ ਵਿਚ ਇਸ ਦੀ ਸਥਾਪਨਾ ਕੀਤੀ ਗਈ ਅਤੇ 1982 ਵਿਚ ਮਹਿਲ ਗਹਿਲਾਂ ਦੇ ਇਕ ਵੱਡੇ ਸਮਾਗਮ ਵਿਚ ਇਸਦਾ ਵਿਧਾਨ ਅਤੇ ਉਦੇਸ਼ ਕਲਮਬੰਦ ਕੀਤੇ ਗਏ। ਇਸ ਸੰਸਥਾ ਨੇ, ਔਖੇ ਤੋਂ ਔਖੇ ਵਕਤਾਂ ਵਿਚ ਆਪਣੀ ਵਚਨਬਧਤਾ ਕਾਇਮ ਰੱਖੀ ਅਤੇ ਲੋਕ-ਪੱਖੀ ਸਭਿਆਚਾਰ ਦੀ ਪਹਿਰੇਦਾਰੀ ਕੀਤੀ। 6 ਅਕਤੂਬਰ ਲੁਧਿਆਣਾ ਵਿਖੇ ਇਸ ਮੰਚ ਦਾ ਦੋ-ਸਾਲਾ ਸਮਾਗਮ ਹੋਇਆ। ਜਿੱਥੇ ਨਵੀਂ ਸੂਬਾ ਕਮੇਟੀ ਤੇ ਕਾਰਜਕਾਰੀ ਕਮੇਟੀ ਦੀ ਚੋਣ ਹੋਈ, ਉਥੇ ਪਿਛਲੇ ਕੰਮ ਦਾ ਰੀਵਿਊ ਕਰਦੇ ਹੋਏ ਕੁਝ ਫੈਸਲੇ ਲਏ ਗਏ।

ਇਹ ਗੱਲ ਸਾਫ ਕੀਤੀ ਗਈ ਕਿ ਪਲਸ ਮੰਚ ਇਨਕਲਾਬੀ ਧਿਰ ਵਜੋਂ ਸਥਾਪਤ ਕੀਤੀ ਗਈ ਸੀ ਤੇ ਸਮਾਜ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਵਾਲੀਆਂ ਸ਼ਕਤੀਆਂ ਵੱਲ ਇਹਦੀ ਮੁੱਖ ਜ਼ਿੰਮੇਵਾਰੀ ਹੈ। ਇਹ ਜ਼ਿੰਮੇਵਾਰੀ ਨਿਭਾਉਂਦੀ ਹੋਈ ਇਹ ਸੰਸਥਾ ਕਲਾ ਦੇ ਵਿਕਾਸ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੋਏਗੀ। ਵੱਡਾ ਫੈਸਲਾ ਵਚਨਬਧਤਾ ਨੂੰ ਦੁਹਰਾਂਦਿਆਂ ਹੋਇਆਂ ਇਹ ਲਿਆ ਗਿਆ ਕਿ ਪਲਸ ਮੰਚ ਆਪਣੀਆਂ ਸਰਗਰਮੀਆਂ ਲਈ ਕਿਸੇ ਕਿਸਮ ਦੀ ਸਰਕਾਰੀ ਸਰਪ੍ਰਸਤੀ ਸਵੀਕਾਰ ਨਹੀਂ ਕਰੇਗਾ। ਪਲਸ ਮੰਚ ਦੀਆਂ ਮੈਂਬਰ ਟੀਮਾਂ ਆਪਣੇ ਪੱਧਰ 'ਤੇ ਆਪਣੀਆਂ ਸਰਗਰਮੀਆਂ ਕਰਨਗੀਆਂ। ਉਨ੍ਹਾਂ ਨੂੰ ਸਰਕਾਰੀ, ਨੀਮ ਸਰਕਾਰੀ, ਸੰਸਥਾਵਾਂ ਨਾਲ ਜੁੜ ਕੇ ਸਭਿਆਚਾਰਕ ਸਰਗਰਮੀਆਂ ਕਰਨ ਦੀ ਖੁੱਲ੍ਹ ਹੋਵੇਗੀ ਪਰ ਪਲਸ ਮੰਚ ਆਪਣੀਆਂ ਮੈਂਬਰ ਟੀਮਾਂ ਕੋਲੋਂ ਉਮੀਦ ਰੱਖੇਗਾ ਕਿ ਉਹ ਮੰਚ ਦੇ ਉਦੇਸ਼ਾਂ 'ਤੇ ਪਹਿਰੇਦਾਰੀ ਕਰਨ। ਇਸ ਦੇ ਨਾਲ ਹੀ ਇਹ ਬਿਲਕੁਲ ਸਾਫ ਹੈ ਕਿ ਪਲਸ ਮੰਚ ਆਪਣੇ ਬੈਨਰ ਥੱਲੇ ਕੀਤੇ ਕਿਸੇ ਵੀ ਸਮਾਗਮ ਵਿਚ ਸਰਕਾਰੀ ਜਾਂ ਨੀਮ ਸਰਕਾਰੀ ਸੰਸਥਾ ਦੀ ਸਹਾਇਤਾ ਜਾਂ ਦਖਲਅੰਦਾਜ਼ੀ ਸਵੀਕਾਰ ਨਹੀਂ ਕਰੇਗਾ। ਪਲਸ ਮੰਚ ਆਪਣੀਆਂ ਸਰਗਰਮੀਆਂ ਲਈ ਇਕ ਲੱਖ ਦਾ ਸਾਲਾਨਾ ਬਜਟ ਆਪਣੀਆਂ ਮੈਂਬਰ ਟੀਮਾਂ ਰਾਹੀਂ ਅਤੇ ਲੋਕਾਂ ਕੋਲੋਂ ਹੀ ਇਕੱਠਾ ਕਰੇਗਾ।

ਪਲਸ ਮੰਚ ਦਾ ਇਕ ਸਾਹਿਤਕ ਵਿੰਗ ਹੋਵੇਗਾ ਜੋ ਕਿ ਆਪਣੀ ਪੱਧਰ 'ਤੇ ਖੁਦਮੁਖਤਿਆਰੀ ਨਾਲ ਕੰਮ ਕਰੇਗਾ। ਇਹ ਉਹੀ ਸਾਹਿਤਕ ਸਮਾਗਮ ਆਯੋਜਿਤ ਕਰੇਗਾ ਜਿਸ ਵਿਚ ਵੱਡੀ ਪੱਧਰ 'ਤੇ ਸਾਧਾਰਨ ਲੋਕਾਂ ਦੀ ਸ਼ਮੂਲੀਅਤ ਹੋਵੇ। ਨਿਸ਼ਾਨਾ ਹੋਵੇਗਾ ਕਿ ਇਕ ਪਾਸੇ ਸਾਹਿਤ ਲੋਕਾਂ ਨਾਲ ਨਾਲ ਜੋੜਿਆ ਜਾਏ ਤੇ ਦੂਜੇ ਪਾਸੇ ਲੋਕਾਂ ਨੂੰ ਸਾਹਿਤਕ ਮੁਹਾਵਰੇ ਦੀ ਪਹਿਚਾਣ ਕਰਵਾਈ ਜਾਏ। ਸਾਹਿਤਕ ਸਰਗਰਮੀਆਂ ਸਿਰਫ ਸਾਹਿਤਕਾਰਾਂ ਤਕ ਮਹਿਦੂਦ ਨਹੀਂ ਰਖੀਆਂ ਜਾਣਗੀਆਂ।

ਪਲਸ ਮੰਚ ਦਾ ਯਤਨ ਹੋਵੇਗਾ ਕਿ ਨਾਟਕ ਵਰਕਸ਼ਾਪਾਂ ਲਗਾ ਕੇ ਨਾਟਕ ਪੇਸ਼ਕਾਰੀਆਂ ਨੂੰ ਕਲਾ ਪੱਖ ਤੋਂ ਹੋਰ ਨਿਖਾਰਿਆ ਜਾਏ ਪਰ ਇਸ ਗੱਲ ਦਾ ਧਿਆਨ ਰੱਖਿਆ ਜਾਏਗਾ ਕਿ ਵਿਕਸਤ ਤਕਨੀਕ ਨਾਟਕ ਨੂੰ ਵੱਧ ਤੋਂ ਵੱਧ ਲੋਕਾਂ ਤਕ ਲਿਜਾਣ ਵਿਚ ਰੁਕਾਵਟ ਨਾ ਬਣੇ। ਸੰਗੀਤ ਦੇ ਖੇਤਰ ਵਿਚ ਕੈਸੇਟ ਕਲਚਰ ਦੇ ਮੱਦੇਨਜ਼ਰ ਚੰਗੇ ਗੀਤਾਂ ਦੀ ਚੋਣ ਕਰਕੇ, ਚੰਗੇ ਗਾਇਕਾਂ ਦੀਆਂ ਸੇਵਾਵਾਂ ਪੇਸ਼ਾਵਰ ਪੱਧਰ 'ਤੇ ਲੈ ਕੇ ਅਤੇ ਸੰਗੀਤ ਨਿਰਦੇਸ਼ਕਾਂ ਦੀਆਂ ਸੇਵਾਵਾਂ ਲੈ ਕੇ ਚੰਗੀਆਂ ਕੈਸੇਟਾਂ ਬਣਾਈਆਂ ਜਾਣ। ਇਹਦੇ ਲਈ ਇਕ ਟਰੱਸਟ ਬਣਾਇਆ ਜਾਏਗਾ ਅਤੇ ਨਾਲ ਹੀ ਕੈਸੇਟ ਕੰਪਨੀਆਂ ਦਾ ਸਹਿਯੋਗ ਵੀ ਲਿਆ ਜਾਏਗਾ। ਵੱਡਾ ਮੰਤਵ ਹੈ ਕਿ ਚੰਗੇ ਸਾਹਿਤਕ ਅਤੇ ਇਨਕਲਾਬੀ ਗੀਤਾਂ ਨੂੰ ਮੁਕਾਬਲੇ ਦੇ ਤੌਰ 'ਤੇ ਲੋਕਾਂ ਵਿਚ ਲਿਆਂਦਾ ਜਾਏ।

ਪਲਸ ਮੰਚ ਦੇ ਆਪਣੇ ਸਮਾਗਮ 25-26 ਜਨਵਰੀ ਜਲੰਧਰ, ਪਹਿਲੀ ਮਈ ਲੁਧਿਆਣਾ, 28 ਸਤੰਬਰ ਬਠਿੰਡਾ ਅਤੇ 25 ਸਤੰਬਰ ਘੋਲੀਆਂ ਕਲਾਂ ਹੋਣਗੇ। ਇਸ ਤੋਂ ਇਲਾਵਾ ਪਾਸ਼, ਸੰਤ ਰਾਮ ਉਦਾਸੀ, ਓਮ ਪ੍ਰਕਾਸ਼ ਸ਼ਰਮਾ, ਜੈਮਲ ਪੱਡਾ, ਮਨਜੀਤ ਕਾਦਰ ਅਤੇ ਸੁਰੇਂਦਰ ਹੇਮਜਿਊਤੀ ਦੇ ਯਾਦਗਾਰੀ ਸਮਾਗਮ ਹੋਣਗੇ। ਮੈਂਬਰ ਟੀਮਾਂ ਆਪਣੇ ਆਪਣੇ ਇਲਾਕਿਆਂ ਵਿਚ ਆਪਣੀ ਪਹਿਲਕਦਮੀ 'ਤੇ ਸਮਾਗਮ ਆਯੋਜਿਤ ਕਰਨਗੀਆਂ। 14 ਨਾਟਕ ਟੀਮਾਂ, 5 ਸੰਗੀਤ ਟੀਮਾਂ ਤੇ ਵਚਨਬੱਧ ਲੇਖਕਾਂ ਦੀ ਸ਼ਮੂਲੀਅਤ ਵਾਲੀ ਪਲਸ ਮੰਚ ਦੀ ਸੰਸਥਾ ਲੋਕ ਪੱਖੀ ਸਭਿਆਚਾਰ ਦੀ ਪਹਿਰੇਦਾਰੀ ਲਈ ਵਚਨਬਧ ਹੈ।

**ਗੀਤ ਦਾ ਜਨਮ ਮਾਂ ਦੀ ਲੋਰੀ ਨਾਲ ਹੁੰਦਾ ਹੈ :** ਰਸੂਲ ਹਮਜ਼ਾਤੋਵ ਦੀਆਂ ਲਿਖਤਾਂ (ਅਨੁਵਾਦਕ ਜਸਪਾਲ ਮਾਨ), ਜੋ ਕਿਸ਼ਤਵਾਰ 'ਦੇਸ਼ ਸੇਵਕ' ਵਿਚ ਆ ਰਹੀਆਂ ਹਨ, ਉਹਦੀ 26ਵੀਂ ਕਿਸ਼ਤ (22 ਸਤੰਬਰ) ਇਕ ਕਲਾਸਕੀ ਲਿਖਤ ਹੈ। ਇਸ ਦਾ ਸਿਰਲੇਖ ਹੈ - ''ਮਾਂ ਦੀ ਕਵਿਤਾ, ਪਹਿਲੀ ਮੁਸਕਾਨ ਤੋਂ ਅਖੀਰਲੇ ਹੰਝੂ ਤਕ।' ਦਾਗਿਸਤਾਨ ਦੇ ਇਕ ਲੇਖਕ ਕੋਲੋਂ ਪੁੱਛਿਆ ਗਿਆ - ਤੁਹਾਡੇ ਵਿਚ ਸਭ ਤੋਂ ਚੰਗੇ ਗਾਇਕ ਤੇ ਸ਼ਾਇਰ ਕਿਹੜੇ ਕਿਹੜੇ ਨੇ ? ਜਵਾਬ ਹੈ - ਹਮੇਸ਼ਾ ਚੰਗੇ ਤੋਂ ਚੰਗਾ ਗਾਇਕ ਸ਼ਾਇਰ ਲੱਭ ਪੈਂਦਾ ਹੈ, ਪਰ ਇਕ ਦਾ ਜ਼ਿਕਰ ਮੈਂ ਕਰ ਸਕਦਾ ਹਾਂ ਤੇ ਉਹ ਹੈ ਦਾਗਿਸਤਾਨੀ ਮਾਂ। ਕੁੱਲ ਮਿਲਾ ਕੇ ਤਿੰਨ ਗੀਤ ਇੱਥੇ ਸਾਡੇ ਪਹਾੜੀ ਲੋਕਾਂ ਦੇ ਮੰਨੇ ਜਾਂਦੇ ਹਨ। ਪਹਿਲਾ ਗੀਤ ਪਹਾੜੀ ਮਾਂ ਉਦੋਂ ਗਾਉਂਦੀ ਹੈ, ਜਦੋਂ ਪੰਘੂੜੇ ਪਏ ਬੱਚੇ ਨੂੰ ਲੋਰੀ ਦਿੰਦੀ ਹੈ, ਦੂਜਾ ਗੀਤ ਉਦੋਂ ਗਾਉਂਦੀ ਹੈ, ਜਦੋਂ ਪੁੱਤ ਨੂੰ ਗੁਆ ਬੈਠਦੀ ਹੈ ਤੇ ਤੀਜਾ ਗੀਤ ਬਾਕੀ ਸਾਰੇ ਗੀਤ ਹੁੰਦੇ ਹਨ। ਮਾਂ ਦਾ ਗੀਤ ਸਾਰੇ ਗੀਤਾਂ ਦਾ ਆਰੰਭਕ ਬਿੰਦੂ ਹੈ। ਪਹਿਲੀ ਮੁਸਕਾਨ ਤੋਂ ਅਖੀਰਲੇ ਹੰਝੂ ਤਕ। ਅਜਿਹਾ ਹੁੰਦਾ ਹੈ ਮਾਂ ਦਾ ਗੀਤ।

'ਮੇਰਾ ਦਾਗਿਸਤਾਨ' ਦੀਆਂ ਸੂਖਮ ਲਿਖਤਾਂ ਕਰਕੇ, ਰਸੂਲ ਹਮਜ਼ਾਤੋਵ ਦੁਨੀਆਂ ਭਰ ਦੇ ਲੋਕਾਂ ਦੀ ਸਾਹਿਤਕ ਸਲਾਮ ਦਾ ਹੱਕਦਾਰ ਹੈ ਤੇ ਹੱਕਦਾਰ ਰਹੇਗਾ। ਇਹ ਲਿਖਤਾਂ ਜ਼ਿੰਦਗੀ ਨੂੰ ਵੱਡੀ ਅਮੀਰੀ ਬਖਸ਼ਦੀਆਂ ਹਨ।

13-10-1996